Sikh Concepts

(Activity Book)



Sikh Concepts

(Activity Book)

Compiled by :

Baljit Singh, Inderjeet Singh



PO Box 3627, Lajpat Nagar, New Delhi-110 024 (INDIA)

Tel.: 9810567300, 9811567640 • **E-mail :** sf1999@rediffmail.com

As compared to other religions of the world, Sikh religion is new and unique. It started with the advent of Guru Nanak Dev Ji and the message was further propagated by the successive Gurus. The ideology gifted by the Guru Sahib became the way of life of a Sikh.

This book explains the unique Sikh Concepts and institutions to the young generation in a simple and idiomatic language. In order to understand the Sikh Concepts, their definition in Punjabi and English language is given. More importantly, an outline of the drawing has been given, to encourage children to colour them and thereby help in entering their thought process.

We hope this would make the children understand the uniqueness and distinctiveness of the Sikh Concepts and enjoy it as well.

Sikh Concepts (Activity Book)
First Published in India in 2007 by SIKH FOUNDATION

Compiled and Designed by :
Baljit Singh, Inderjeet Singh

Published by :
SIKH FOUNDATION

ISBN : 978-81-7873-024-0

Contents

ਸਿੱਖ

ਜੋ ਇਸਤਰੀ ਜਾਂ ਪੁਰਸ਼ ਇਹਨਾਂ 'ਤੇ ਨਿਸ਼ਚਾ ਰੱਖਦਾ ਹੈ :

* ਇਕ ਅਕਾਲ ਪੁਰਖ,
* ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ)
* ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ,
* ਦਸ਼ਮੇਸ਼ ਜੀ ਦੇ ਅੰਮ੍ਰਿਤ, ਅਤੇ
* ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ,


ਉਹ 'ਸਿੱਖ' ਹੈ।


Sikh

Any human being who faithfully believes in

* One Immortal Being,
* Ten Gurus, from Guru Nanak Dev Ji to Guru Gobind Singh Ji,
* The Guru Granth Sahib,
* The utterances and teachings of the ten Gurus,
* The baptism bequeathed by the tenth Guru, and
* Who does not owe allegiance to any other religion,

is a Sikh.





ਗੁਰੂ

ਗੁਰੂ, ਸਿੱਖ ਦੀ ਜੀਵਨ-ਜਾਚ ਦਾ ਕੇਂਦਰ ਬਿੰਦੂ ਹੈ ਜੋ ਕਿ ਸਿੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਗਿਆਨ ਦੇ ਪ੍ਰਕਾਸ਼ ਵਿੱਚ ਲਿਆਉਂਦਾ ਹੈ। ਗੁਰਮਤਿ ਵਿੱਚ ਗੁਰੂ ਪਦ ਅਕਾਲ ਪੁਰਖ ਲਈ ਵਰਤਿਆ ਗਿਆ ਹੈ। ਉਹ ਪ੍ਰਭੂ ਹੀ ਗੁਰੂ ਰੂਪ ਹੋ ਕੇ ਸਿੱਖ ਨੂੰ ਪਰਮਾਰਥ ਦੇ ਮਾਰਗ ਪਾਉਂਦਾ ਹੈ ਅਤੇ ਅਧਿਆਤਮਕ ਵਿਕਾਸ ਦੀ ਸੋਝੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂ ਸਾਹਿਬਾਨ ਹਨ। ਸਭ ਗੁਰੂ ਸਾਹਿਬਾਨ ਵਿੱਚ ਇੱਕ ਜੋਤ ਹੈ। ਇਹ ਜੋਤ 'ਸ਼ਬਦ ਗੁਰੂ' ਦਾ ਸਰੂਪ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚਲੇ 'ਸ਼ਬਦ' ਨੂੰ ਗੁਰੂ ਕਿਹਾ ਜਾਂਦਾ ਹੈ ਜੋ ਕਿ ਸਿੱਖਾਂ ਦਾ ਸਦੀਵੀ 'ਗੁਰੂ' ਹੈ।


ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 1604 ਈ. ਵਿੱਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਇਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਵੱਲੋਂ 1599-1604 ਈ. ਵਿੱਚ ਰਾਮਸਰ (ਅੰਮ੍ਰਿਤਸਰ) ਵਿਖੇ ਕੀਤੀ ਗਈ। ਇਸਨੂੰ ਅੰਤਿਮ ਰੂਪ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਕੀ ਕਾਸ਼ੀ, ਦਮਦਮਾ ਸਾਹਿਬ, ਜ਼ਿਲਾ ਬਠਿੰਡਾ, ਪੰਜਾਬ ਵਿਖੇ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ 1708 ਈ. ਵਿੱਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਮੰਨਣ ਦਾ ਆਦੇਸ਼ ਦਿੱਤਾ।

Guru

Guru means a spiritual guide or preceptor. He is the nucleus of Sikh way of life. The word 'Guru' has been used for the Almighty Lord in Gurmat. The Supreme Being in the Guru's form guides the Sikh on the transcendental way and bless him with the knowledge of spiritual upliftment.

There are Ten Gurus, beginning from Guru Nanak Dev Ji to Guru Gobind Singh Ji. A Sikh regards ten Gurus as the effulgence of one light and one single entity. This jot or light is the form of 'Shabad Guru'. That's why 'Shabad' present in Guru Granth Sahib is referred to as Guru, which is the everlasting Guru of the Sikhs.

Guru Granth Sahib was first installed at Sri Harimandar Sahib, Amritsar in 1604 AD. The task of editing it was carried out by the fifth Master, Guru Arjan Dev Ji from 1599 to 1604 AD at Ramsar (Amritsar). The final shape was given by Guru Gobind Singh Ji at Guru Ki Kashi, Damdama Sahib, Bathinda in Punjab. Before departing from this world in 1708 AD, Guru Gobind Singh Ji ordained the Sikhs to rever Guru Granth Sahib as their Guru.



ਚਾਰ ਸਾਹਿਬਜ਼ਾਦੇ

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਿੱਖ ਇਤਿਹਾਸ ਵਿੱਚ ਉਨ੍ਹਾਂ ਦੀ ਛੋਟੀ ਉਮਰ ਵਿੱਚ ਹੀ ਸ਼ਹਾਦਤ ਦੇਣ ਕਰਕੇ ਰੋਜ਼ਾਨਾ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ 'ਬਾਬਾ' ਆਖਿਆ ਜਾਂਦਾ ਹੈ। ਇਹ ਚਾਰ ਸਾਹਿਬਜ਼ਾਦੇ ਹਨ :

* ਬਾਬਾ ਅਜੀਤ ਸਿੰਘ ਜੀ
* ਬਾਬਾ ਜੁਝਾਰ ਸਿੰਘ ਜੀ
* ਬਾਬਾ ਜ਼ੋਰਾਵਰ ਸਿੰਘ ਜੀ
* ਬਾਬਾ ਫ਼ਤਹਿ ਸਿੰਘ ਜੀ

ਇਹਨਾਂ ਵਿੱਚੋਂ ਦੋ ਵੱਡੇ ਸਾਹਿਬਜ਼ਾਦੇ - ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ, ਮੁਗ਼ਲਾਂ ਨਾਲ ਜੰਗ ਕਰਦੇ ਹੋਏ ਚਮਕੌਰ ਦੀ ਗੜ੍ਹੀ ਵਿੱਚ ਦਸੰਬਰ 1705 ਈ. ਨੂੰ ਸ਼ਹੀਦ ਹੋਏ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਦਸੰਬਰ 1705 ਈ. ਵਿੱਚ ਸਰਹੰਦ ਵਿਖੇ ਜਿਊਂਦੇ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ।

Four Sahibzadas

The four Sahibzadas (sons) of Guru Gobind Singh Ji are remembered daily in the 'Ardas' for attaining martyrdom at a very young age and are referred to as 'Baba' (elderly). These four Sahibzadas are :

* Baba Ajit Singh Ji
* Baba Jujhar Singh Ji
* Baba Zorawar Singh Ji
* Baba Fateh Singh Ji

The two elder Sahibzadas - Baba Ajit Singh and Baba Jujhar Singh Ji, attained martyrdom at Chamkaur while fighting against the Mughals in December1705 AD and the two younger Sahibzadas were bricked alive in December 1705 AD at Sirhand for not accepting the other faith.



ਪੰਜ ਪਿਆਰੇ

ਇਹ ਨਾਮ ਉਹਨਾਂ ਸਿੰਘਾਂ ਨੂੰ ਦਿੱਤਾ ਗਿਆ ਜੋ ਕਿ 1699 ਈ. ਨੂੰ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਸਮੇਂ ਸਭ ਤੋਂ ਪਹਿਲਾਂ ਸੀਸ ਭੇਟ ਕਰਨ ਉਪਰੰਤ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸੱਜ ਗਏ। ਇਹ ਪੰਜ ਪਿਆਰੇ ਹਨ :

* ਭਾਈ ਦਇਆ ਸਿੰਘ ਜੀ
* ਭਾਈ ਧਰਮ ਸਿੰਘ ਜੀ
* ਭਾਈ ਹਿੰਮਤ ਸਿੰਘ ਜੀ
* ਭਾਈ ਮੋਹਕਮ ਸਿੰਘ ਜੀ
* ਭਾਈ ਸਾਹਿਬ ਸਿੰਘ ਜੀ

Panj Piare

Panj Piare literally the five beloveds is the name given to

* Bhai Daya Singh Ji
* Bhai Dharam Singh Ji
* Bhai Himmat Singh Ji
* Bhai Mohkam Singh Ji
* Bhai Sahib Singh Ji

who were so designated by Guru Gobind Singh Ji at the historic diwan at Anandpur Sahib on the Baisakhi day of 1699 AD. They formed the nucleus of the Khalsa Panth as the first batch to receive khande di pahul i.e. rites of two edged sword from Guru's hands.



ਅੰਮ੍ਰਿਤ

ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਛੱਕ ਕੇ ਸਿੰਘ ਬਣੀਦਾ ਹੈ। ਅੰਮ੍ਰਿਤ ਇੱਕ ਪ੍ਰਣ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਜ ਪਿਆਰਿਆਂ ਸਾਹਮਣੇ ਕੀਤਾ ਜਾਂਦਾ ਹੈ। ਇਸ ਪ੍ਰਣ ਦਾ ਮਤਲਬ ਹੈ ਕਿ ਹੁਣ ਤੋਂ ਇਹ ਜੀਵ ਗੁਰਮਤਿ ਦੇ ਅਸੂਲਾਂ ਦਾ ਧਾਰਨੀ ਹੋਵੇਗਾ। ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਜਾਉਣ ਦਾ ਢੰਗ 'ਖੰਡੇ ਬਾਟੇ ਦੀ ਪਾਹੁਲ' ਕਰ ਦਿੱਤਾ।

ਪੰਜ ਸਿੰਘਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲੋਹੇ ਦੇ ਬਾਟੇ ਵਿੱਚ ਸ਼ੁੱਧ ਜਲ ਪਾ ਕੇ ਉਸ ਵਿੱਚ ਖੰਡੇ ਨਾਲ ਪਤਾਸੇ ਘੋਲ ਕੇ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਇਹ ਪੰਜ ਪਿਆਰੇ ਵੀਰ-ਆਸਨ ਧਾਰਨ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਪੁ ਜੀ, ਜਾਪੁ ਸਾਹਿਬ, ਚੌਪਈ, 10 ਸਵੱਯੇ ਤੇ ਅਨੰਦੁ ਸਾਹਿਬ ਦਾ ਪਾਠ ਕਰਦਿਆਂ ਅੰਮ੍ਰਿਤ ਤਿਆਰ ਕਰਦੇ ਹਨ। ਫਿਰ ਇਸ ਨੂੰ ਅਭਿਲਾਖੀ ਜੀਵਾਂ ਨੂੰ ਪੂਰਨ ਵਿਧੀ ਨਾਲ ਛਕਾਇਆ ਜਾਂਦਾ ਹੈ ਜਿਸ ਨਾਲ ਉਹ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੁੰਦੇ ਹਨ।

Amrit

One becomes a Singh after partaking Amrit from the Panj Piaras. Amrit is a vow taken in the benign presence of Guru Granth Sahib in front of the Panj Piaras. This vow means that from now onwards, the person partaking Amrit would follow the principles of Gurmat. The tenth Master, Guru Gobind Singh Ji modified the initiation into the Order of Khalsa by the way of *'Khande Bate di Pahul'*.

The Five, who had already been baptized, dissolve sugar plum *(patasha)* in pure water contained in a round bowl of steel *(bata)* while stirring it with the double-edged sword *(khanda)*. These Five, while preparing Amrit, recite Japu Ji, Jaap Sahib, Chaupai, Savaiyye and Anand Sahib, while sitting in vir-asan, in the Divine Presence of Guru Granth Sahib. Then this is administered to the seekers in proper way, so as to admit them into the Khalsa Panth.



ਖ਼ਾਲਸਾ

ਖ਼ਾਲਸਾ ਸ਼ਬਦ ਫ਼ਾਰਸੀ ਸ਼ਬਦ 'ਖ਼ਾਲਿਸ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਨਿਰੋਲ, ਸ਼ੁੱਧ, ਖਰਾ। ਅੰਮ੍ਰਿਤਧਾਰੀ ਸਿੱਖਾਂ ਦੇ ਸਮੂਹ ਨੂੰ ਖ਼ਾਲਸਾ ਕਿਹਾ ਜਾਂਦਾ ਹੈ। ਇਸ ਸ਼ਬਦ ਦੀ ਵਰਤੋਂ ਇਕੱਲੇ ਸਿੰਘ ਜਾਂ ਸਮੂਹ ਨੂੰ ਸੰਬੋਧਨ ਕਰਨ ਲਈ ਕੀਤੀ ਜਾਂਦੀ ਹੈ। ਖ਼ਾਲਸਾ ਪੰਥ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਧਾਰਨੀ ਹੈ।

ਖ਼ਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ, ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

Khalsa

The word 'Khalsa' is derived from Arabic word *'khalis'* meaning pure, unsullied. Khalsa is the word used collectively for the community of baptized Sikhs. It is used to address an individual Singh or a group of them. The Khalsa Panth implies the collective, spiritually directed will of the community guided by Guru Granth Sahib.

Khalsa should maintain its distinctiveness among the professors of different religions of the world, but should not hurt the sentiments of any person professing another religion.



ਪੰਜ ਕਕਾਰ

ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਖ਼ਾਲਸਾ ਸਾਜਨਾ ਸਮੇਂ 'ਖੰਡੇ ਬਾਟੇ ਦੀ ਪਾਹੁਲ' ਦੇ ਨਾਲ ਹੀ ਹਰ ਖ਼ਾਲਸੇ ਨੂੰ ਪੰਜ ਵਸਤੂਆਂ ਧਾਰਨ ਕਰਨੀਆਂ ਲਾਜ਼ਮੀ ਕਰ ਦਿੱਤੀਆਂ। ਇਹ ਪੰਜ ਵਸਤੂਆਂ ਗੁਰਮੁਖੀ ਅੱਖਰ 'ਕ' ਤੋਂ ਸ਼ੁਰੂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਨੂੰ 'ਕਕਾਰ' ਕਿਹਾ ਜਾਂਦਾ ਹੈ। ਹਰ ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰਾਂ ਦਾ ਧਾਰਨੀ ਹੋਣਾ ਲਾਜ਼ਮੀ ਹੈ। ਹਰੇਕ ਸਿੱਖ ਲਈ ਪੰਜ ਕਕਾਰ ਇਕੋ ਹਨ। ਇਹ ਕਕਾਰ ਹਨ :


* ਕੇਸ
* ਕੰਘਾ
* ਕੜਾ
* ਕਛਹਿਰਾ
* ਕਿਰਪਾਨ


Five Kakars

It is a set of five distinctive features or elements of personal appearance or apparel that set off Sikhs from the followers of any other religious faith. The word 'Panj Kakar' means Five symbols - all beginning with the phenome 'k' and hence called 'kakars'. At the time of creation of Khalsa in 1699 AD, Guru Gobind Singh Ji ordained the Sikhs to wear these five distinctive symbols. These 'kakars' are :


* Kes - unshorn hair,
* Kangha - comb,
* Kirpan - sword,
* Kara - a steel bracelet,
* Kachhera - a pair of specially designed shorts.











ਪੰਜ ਤਖ਼ਤ

ਤਖ਼ਤ ਫ਼ਾਰਸੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਬੈਠਣ ਦੀ ਚੌਂਕੀ ਜਾਂ ਰਾਜ ਸਿੰਘਾਸਨ। ਸਿੱਖ ਪਰੰਪਰਾ ਵਿੱਚ ਤਖ਼ਤ ਸੱਤਾ ਦੀ ਚੌਂਕੀ ਦਾ ਪ੍ਰਤੀਕ ਹੈ ਜਿਸ ਵਿੱਚ ਰੂਹਾਨੀ ਤੇ ਦੁਨਿਆਵੀ ਦੋਵੇਂ ਪੱਖ ਸ਼ਾਮਿਲ ਹਨ। ਸਿੱਖਾਂ ਦੇ ਪੰਜ ਤਖ਼ਤ ਹਨ :

* **ਸ੍ਰੀ ਅਕਾਲ ਤਖ਼ਤ ਸਾਹਿਬ**, ਅੰਮ੍ਰਿਤਸਰ, ਪੰਜਾਬ * **ਤਖ਼ਤ ਸ੍ਰੀ ਹਰਿਮੰਦਰ ਸਾਹਿਬ**, ਪਟਨਾ ਸਾਹਿਬ, ਬਿਹਾਰ * **ਤਖ਼ਤ ਸ੍ਰੀ ਕੇਸਗੜ੍ਹ ਸਾਹਿਬ**, ਅਨੰਦਪੁਰ ਸਾਹਿਬ, ਪੰਜਾਬ * **ਤਖ਼ਤ ਸ੍ਰੀ ਹਜ਼ੂਰ ਸਾਹਿਬ**, ਨਾਂਦੇੜ, ਮਹਾਰਾਸ਼ਟਰ * **ਤਖ਼ਤ ਸ੍ਰੀ ਦਮਦਮਾ ਸਾਹਿਬ**, ਸਾਬੋ ਕੀ ਤਲਵੰਡੀ, ਪੰਜਾਬ

ਸਿੱਖਾਂ ਵੱਲੋਂ ਪੰਜ ਤਖ਼ਤਾਂ ਨੂੰ ਬਰਾਬਰ ਦਾ ਸਤਿਕਾਰ ਅਤੇ ਉੱਚਤਾ ਦਾ ਦਰਜਾ ਦਿੱਤਾ ਜਾਂਦਾ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਸਭ ਨਾਲੋਂ ਵਧੇਰੇ ਮਹੱਤਤਾ ਰਖਦਾ ਹੈ। ਸਮੁੱਚੀ ਸਿੱਖ ਕੌਮ ਨਾਲ ਜੁੜੇ ਮਸਲੇ ਅਕਾਲ ਤਖ਼ਤ ਉੱਤੇ ਹੀ ਵਿਚਾਰੇ ਜਾਂਦੇ ਹਨ। ਇਸੇ ਲਈ ਅਕਾਲ ਤਖ਼ਤ ਉੱਤੇ ਗੁਰਮਤਿਆਂ ਦੇ ਰੂਪ ਵਿੱਚ ਲਏ ਗਏ ਫ਼ੈਸਲੇ ਸਾਰੀ ਸਿੱਖ ਕੌਮ ਉਪਰ ਲਾਗੂ ਮੰਨੇ ਜਾਂਦੇ ਹਨ। ਆਮ ਤੌਰ 'ਤੇ 'ਸਰਬੱਤ ਖ਼ਾਲਸੇ' ਦਾ ਬੁਲਾਵਾ ਅਕਾਲ ਤਖ਼ਤ ਉੱਤੋਂ ਹੀ ਜਾਰੀ ਕੀਤਾ ਜਾਂਦਾ ਹੈ। ਬਾਕੀ ਦੇ ਚਾਰ ਤਖ਼ਤਾਂ ਉਪਰ ਸਬੰਧਿਤ ਇਲਾਕੇ ਦੇ ਸਿੱਖਾਂ ਨਾਲ ਜੁੜੇ ਮਸਲਿਆਂ ਉਪਰ ਹੀ ਵਿਚਾਰ ਕੀਤੀ ਜਾਂਦੀ ਹੈ ਅਤੇ ਫ਼ੈਸਲੇ ਲਏ ਜਾਂਦੇ ਹਨ। ਇਸੇ ਲਈ ਇਨ੍ਹਾਂ ਫ਼ੈਸਲਿਆਂ ਦਾ 'ਹੁਕਮਨਾਮਾ' ਬਣਨ ਲਈ ਇਹਨਾਂ ਉਪਰ ਅਕਾਲ ਤਖ਼ਤ ਦੀ ਮੋਹਰ ਲੱਗਣੀ ਜ਼ਰੂਰੀ ਹੈ।

Five Takhts

Takht is a Persian word meaning a throne or royal seat. In the Sikh tradition, Takht symbolizes a seat of authority combining both the temporal as well as eternal. The five Takhts of the Sikhs are :

* **Sri Akal Takht Sahib**, Amritsar, Punjab * **Takht Sri Harimandar Sahib**, Patna Sahib, Bihar * **Takht Sri Kesgarh Sahib**, Anandpur Sahib, Punjab * **Takht Sri Hazur Sahib**, Nander, Maharashtra * **Takht Sri Damdama Sahib**, Sabo Ki Talwandi, Punjab

All the five Takhts are equally regarded by the Sikhs as high seat of religious authority, are equally venerated, but Sri Akal Takht Sahib at Amritsar enjoys a special status. The issues concerning an entire Sikh community are debted at Akal Takht alone, therefore, Gurmatas or Counsel of Guru passed at Akal Takht are binding on the Sikhs, all over the world. Moreover, the call for Sarbat Khalsa can be given only from Akal Takht. The other four Takhts are of provincial nature. On these four Takhts, the dilemmas involving, exclusively, the local Sikh community are discussed and resolved. The Gurmatas passed, therefore, are obligatory for the local Sikhs alone, but these Gurmatas in order to become mandatory must be endorsed by the Akal Takht.



ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takht Sahib

ਮੂਲ ਮੰਤਰ

ਸਿੱਖ ਧਰਮ ਦਾ ਮੂਲ ਅਕਾਲ ਪੁਰਖ ਹੈ। ਅਕਾਲ ਪੁਰਖ ਦੇ ਸਰੂਪ ਅਤੇ ਗੁਣਾਂ ਦਾ ਵਿਖਿਆਨ ਮੁੱਢਲੇ ਤੌਰ 'ਤੇ ਮੂਲ ਮੰਤਰ ਵਿੱਚੋਂ ਹੀ ਮਿਲਦਾ ਹੈ। ਸਿੱਖ ਧਰਮ ਦਾ ਮੂਲ ਮੰਤਰ ਇਸ ਤਰ੍ਹਾਂ ਹੈ :

ੴ - ਅਕਾਲ ਪੁਰਖ ਕੇਵਲ ਇੱਕ ਹੈ, ਉਸ ਜਿਹਾ ਹੋਰ ਕਈ ਨਹੀਂ, ਉਹ ਸਭ ਥਾਂ ਇੱਕ ਰਸ ਵਿਆਪਕ ਹੈ।

ਸਤਿਨਾਮੁ - ਉਸ ਦਾ ਨਾਮ ਸਦੀਵੀ ਹੋਂਦ ਵਾਲਾ ਤੇ ਸਦਾ ਵਾਸਤੇ ਅਟੱਲ ਹੈ।

ਕਰਤਾ - ਉਹ ਸਭ ਕੁਝ ਬਨਾਉਣ ਵਾਲਾ ਹੈ।

ਪੁਰਖੁ - ਉਹ ਸਭ ਕੁਝ ਬਣਾ ਕੇ ਉਸ ਵਿੱਚ ਇੱਕ ਰਸ ਵਿਆਪਕ ਹੈ।

ਨਿਰਭਉ - ਉਸ ਨੂੰ ਕਿਸੇ ਦਾ ਡਰ ਨਹੀਂ।

ਨਿਰਵੈਰੁ - ਉਸ ਦਾ ਕਿਸੇ ਨਾਲ ਵੈਰ ਨਹੀਂ।

ਅਕਾਲ ਮੂਰਤਿ - ਉਹ ਕਾਲ ਰਹਿਤ ਹੈ, ਉਸ ਦੀ ਕੋਈ ਮੂਰਤ ਨਹੀਂ, ਉਹ ਸਮੇਂ ਦੇ ਪ੍ਰਭਾਵ ਤੋਂ ਮੁਕਤ ਹੈ।

ਅਜੂਨੀ - ਉਹ ਜੂਨਾਂ ਵਿੱਚ ਨਹੀਂ ਆਉਂਦਾ, ਨਾ ਜੰਮਦਾ ਤੇ ਨਾ ਮਰਦਾ ਹੈ।

ਸੈਭੰ - ਉਸ ਨੂੰ ਕਿਸੇ ਨੇ ਨਹੀਂ ਬਣਾਇਆ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ।

ਗੁਰ ਪ੍ਰਸਾਦਿ - ਅਜਿਹਾ ਅਕਾਲ ਪੁਰਖ ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ।

Mool Mantar

It is the primary or fundamental principle of the Sikh faith. These are the opening lines of Sri Guru Granth Sahib. The form and attributes of Akal Purakh has been narrated in the Mul Mantar. The Mul Mantra is :

Ik Oankar - He is the One Supreme Being, He is Omnipresent.

Satnam - His Name is Everlasting and He is The Eternal Truth.

Karta - He is The Creator.

Purakh - He is The All-pervading Being, He is present everywhere.

Nirbhau - He is Without Fear.

Nirvair - He is Without Hate.

Akal Murat - He is The Being Beyond Time.

Ajuni - He is Not-incarnated, He neither takes birth nor dies.

Saibhan - He is Self-existent.

Gurprasad - Such Akal Purakh is attained with the Grace of the Guru.

ੴ

ਸਤਿਨਾਮੁ

ਕਰਤਾ ਪੁਰਖੁ

ਨਿਰਭਉ

ਨਿਰਵੈਰੁ

ਅਕਾਲ ਮੂਰਤਿ

ਅਜੂਨੀ ਸੈਭੰ

ਗੁਰ ਪ੍ਰਸਾਦਿ

ਨਿਤਨੇਮ

'ਸਿੱਖ ਰਹਿਤ ਮਰਯਾਦਾ' ਮੁਤਾਬਿਕ ਨਿਤਨੇਮ ਭਾਵ ਰੋਜ਼ਾਨਾ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਇਹ ਹਨ :

ਅੰਮ੍ਰਿਤ ਵੇਲੇ : ਜਪੁ, ਜਾਪੁ ਅਤੇ 10 ਸਵੱਯੇ (ਸ੍ਰਾਵਗ ਸੁਧ ਵਾਲੇ)

ਸ਼ਾਮ ਵੇਲੇ : ਸੋ ਦਰੁ ਰਹਿਰਾਸ

ਰਾਤ ਨੂੰ ਸੌਣ ਵੇਲੇ : ਸੋਹਿਲਾ

ਨਿਤਨੇਮ ਸਿੱਖ ਦੀ ਜੀਵਨ-ਜਾਚ ਦਾ ਜ਼ਰੂਰੀ ਅੰਗ ਹੈ।

Nitnem

It is the name given to the set prayers which every Sikh is commanded to say daily, alone or in company. A Sikh should recite the following scriptural compositions every day :

* The Japu ji, Jaapu and Ten Savaiyye (Quartets) - beginning 'Saraawag Sudh' in the morning.
* Sodar Rehraas in the evening after sunset, and
* Sohila to be recited at night before going to bed.

Nitnem is an important part of Sikh way of life.

ਗੁਰ-ਮੰਤਰ

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥

(ਭਾਈ ਗੁਰਦਾਸ ਜੀ, ਵਾਰ 13 ਪਉੜੀ 2)

ਸਿੱਖ ਲਈ 'ਵਾਹਿਗੁਰੂ' ਗੁਰ ਮੰਤਰ ਹੈ। ਵਾਹਿਗੁਰੂ ਦੇ ਅੱਖਰੀ ਅਰਥ ਹਨ : ਵਾਹੁ - ਤੂੰ ਬੇਅੰਤ, ਗੁ- ਹਨੇਰਾ, ਰੂ- ਦੂਰ ਕਰਨਾ। ਭਾਵ ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ, ਤੂੰ ਬੇਅੰਤ ਹੈਂ।

ਪਰਮਾਤਮਾ ਦੇ ਇਲਾਹੀ ਰੰਗਣ ਵਿੱਚ ਰੰਗੇ ਜਾਣ ਲਈ ਵਾਹਿਗੁਰੂ ਗੁਰ ਮੰਤਰ ਹੀ ਸਭ ਤੋਂ ਸ੍ਰੇਸ਼ਟ ਹੈ ਕਿਉਂਕਿ ਈਸ਼ਵਰ ਦੇ ਸਾਰੇ ਗੁਣ ਇਸ ਵਿੱਚ ਸਮਾ ਜਾਂਦੇ ਹਨ।

Gurmantar

It is the invocatory formula received from the Guru. It is that term significant of the Supreme Being which the Guru confides to the Sikhs to meditate on. The word 'Vahiguru' has been the Gurmantar for the Sikhs from the very beginning.

Vahiguru gurmantra
hai japi haumai khoi.

Vahiguru is the gurmantar,
Meditating upon it one's ego is erased from the heart.

(Bhai Gurdas, Var 13 Pauri 2)

ਵਾਹਿਗੁਰੂ

ਵਾਹਿਗੁਰੂ

ਸੰਗਤ

ਗੁਰਮੁਖ ਪਿਆਰਿਆਂ ਦੇ ਇਕੱਠ ਦਾ ਨਾਮ ਹੀ ਸੰਗਤ ਹੈ ਜਿੱਥੇ ਮਿਲ ਕੇ ਪ੍ਰਭੂ ਨਾਮ ਦੀ ਅਰਾਧਨਾ ਕੀਤੀ ਜਾਂਦੀ ਹੈ। ਸਤਿਸੰਗਤ ਪ੍ਰਭੂ ਪਿਆਰਿਆਂ ਦਾ ਮਿਲਾਪ ਹੈ ਜਿੱਥੇ ਹਰੀ ਦੀ ਸਿਫਤ-ਸਲਾਹ ਕਰਦਿਆਂ ਉਸ ਵਿੱਚ ਲੀਨ ਹੋਣ ਦਾ ਉਪਦੇਸ਼ ਮਿਲਦਾ ਹੈ।

ਜਿੱਥੇ ਇਕੋ ਅਕਾਲ ਪੁਰਖ ਦੀ ਹੀ ਉਸਤਤਿ ਹੁੰਦੀ ਹੋਵੇ ਅਤੇ ਪਰਮਾਤਮਾ ਦਾ ਹੀ ਨਾਮ ਲਿਆ ਜਾਂਦਾ ਹੋਵੇ ਉਸ ਨੂੰ ਹੀ ਸਤਿਸੰਗਤ ਕਹਿੰਦੇ ਹਨ।


ਸੰਗਤ ਗੁਰਦੁਆਰਿਆਂ ਅਤੇ ਹੋਰ ਅਸਥਾਨਾਂ ਉੱਤੇ ਹੁੰਦੀ ਹੈ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਕਾਲ ਪੁਰਖ ਦੀ ਸਿਫਤ-ਸਲਾਹ, ਗੁਰਬਾਣੀ ਦਾ ਕੀਰਤਨ ਅਤੇ ਨਾਮ ਬਾਣੀ ਦਾ ਸਿਮਰਨ ਕੀਤਾ ਜਾਂਦਾ ਹੈ।

ਸੰਗਤ ਵਿੱਚ ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਹੁੰਦਾ।

Sangat

It stands for the body of men and women met religiously, especially in the presence of Sri Guru Granth Sahib. In current usage, it signifies an assembly of the devotees in the presence of Sri Guru Granth Sahib.

Sangat, fellowship of the holy, is applauded as a means of moral and spiritual uplift; it is as well a social unit which inculcates values of brotherhood, equality and Seva. Sangat is enjoyed in the Gurdwara and other places in the Divine Presence of Guru Granth Sahib, where the praises of Almighty, Kirtan of Gurbani and contemplation of the Name of God is performed. There is no discrimination of caste, creed or high-low in the Sangat.



ਲੰਗਰ

ਸਿੱਖ ਧਰਮ ਵਿਚ ਸੰਗਤ ਦੇ ਨਾਲ-ਨਾਲ ਲੰਗਰ ਦਾ ਅਟੁੱਟ ਸਬੰਧ ਮੰਨਿਆ ਗਿਆ ਹੈ। ਬਗ਼ੈਰ ਕੁਝ ਖ਼ਰਚ ਕੀਤੇ ਪੇਟ ਦੀ ਪੂਰਤੀ ਵਾਸਤੇ ਮਿਲਣ ਵਾਲੇ ਅਨਾਜ ਨੂੰ ਲੰਗਰ ਕਿਹਾ ਗਿਆ ਹੈ। ਲੰਗਰ ਹਰੇਕ ਨੂੰ ਬਿਨਾ ਕਿਸੇ ਜਾਤ-ਪਾਤ, ਊਚ-ਨੀਚ ਦੇ ਵਿਤਕਰੇ ਦੇ ਇਕ ਪੰਗਤ ਵਿੱਚ ਬਿਠਾ ਕੇ ਸਭ ਨੂੰ ਇਕੱਠਿਆਂ ਛਕਾਇਆ ਜਾਂਦਾ ਹੈ। ਲੰਗਰ ਦੀ ਪ੍ਰਥਾ ਸਿੱਖਾਂ ਵਿਚ ਸੇਵਾ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਦਾ ਪ੍ਰਤੀਕ ਹੈ।

ਗੁਰੂ ਨਾਨਕ ਸਾਹਿਬ ਨੇ ਸਾਧੂਆਂ ਲਈ ਵੀਹ ਰੁਪਿਆਂ ਦੀ ਰਸਦ ਦਾ ਲੰਗਰ ਲਾਇਆ ਅਤੇ ਲੰਗਰ ਦੀ ਇਹ ਬਖ਼ਸ਼ਿਸ਼ ਅੱਜ ਤਕ ਸੰਸਾਰ ਭਰ ਦੇ ਗੁਰਦੁਆਰਿਆਂ ਵਿੱਚ ਪ੍ਰਚਲਿਤ ਹੈ ਜਿੱਥੇ ਹਰੇਕ ਨੂੰ ਬਿਨਾ ਕਿਸੇ ਵਿਤਕਰੇ ਤੇ ਭੇਦ-ਭਾਵ ਦੇ ਇੱਕ ਪੰਗਤ ਵਿੱਚ ਬਿਠਾ ਕੇ ਲੰਗਰ ਛਕਾਇਆ ਜਾਂਦਾ ਹੈ। ਗੁਰੂ ਅਮਰਦਾਸ ਜੀ ਨੇ ਪੰਗਤ ਦੀ ਪਰੰਪਰਾ ਉੱਤੇ ਬਹੁਤ ਜ਼ੋਰ ਦਿੱਤਾ ਅਤੇ "ਪਹਿਲੇ ਪੰਗਤ ਪਾਛੈ ਸੰਗਤ" ਦਾ ਸੰਕਲਪ ਕਾਇਮ ਕੀਤਾ।

Langar

It is an institution of fundamental importance in Sikhism. It is the sitting together in a row to partake food from a common kitchen regardless of caste, creed, sex, age or social status. It is customary for diners in the *Guru Ka Langar* to sit side by side in a Pangat or row when food is served to them by Sevadars or volunteers.

Guru Nanak Sahib started the practice of Langar with the true bargain of twenty rupees and this institution of Langar is prevailing till date in the Gurdwaras all over the world. Guru Amar Das attached particular importance to this institution. He expected every visitor to partake of food before seeing him. This gave rise to the popular saying - *pahile Pangat pache Sangat* - eating together must take precedence over meeting together.



ਗੁਰਦੁਆਰਾ

ਗੁਰਦੁਆਰਾ ਦਾ ਅਰਥ ਹੈ ਗੁਰੂ ਦਾ ਦੁਆਰ ਜਾਂ ਗੁਰੂ ਦਾ ਘਰ। ਸਿੱਖ ਜਦੋਂ ਗੁਰਦੁਆਰੇ ਜਾਂਦਾ ਹੈ ਤਾਂ ਉਥੇ ਬਿਰਾਜਮਾਨ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦਾ ਹੈ ਅਤੇ ਉਥੇ ਉਹ ਇਕੱਲਿਆਂ ਜਾਂ ਸੰਗਤ ਰੂਪ ਵਿੱਚ ਬੈਠ ਕੇ ਪ੍ਰਭੂ ਉਸਤਤਿ ਕਰ ਸਕਦਾ ਹੈ।

ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਜਿਗਿਆਸੂਆਂ ਲਈ ਆਤਮ-ਗਿਆਨ ਦਾ ਸਾਧਨ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤ੍ਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਿਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।

ਗੁਰਦੁਆਰੇ ਗੁਰ-ਉਪਦੇਸ਼ ਦੇ ਸੋਮੇ, ਪੂਜਾ ਪਾਠ ਦੇ ਅਸਥਾਨ, ਧਾਰਮਿਕ ਸਿੱਖਿਆ ਤੇ ਧਾਰਮਿਕ ਜੀਵਨ ਦੇ ਕੇਂਦਰ, ਸਮਾਜ ਸੇਵਾ, ਸਾਂਝੀਆਂ ਪੰਥਕ ਵਿਚਾਰਾਂ ਅਤੇ ਸਮਾਜਿਕ ਜੀਵਨ ਦੇ ਸਿਖਲਾਈ ਕੇਂਦਰ ਹਨ।

ਗੁਰਦੁਆਰਾ ਸਿੱਖੀ ਜੀਵਨ ਦੀ ਅਭਿਆਸ ਸ਼ਾਲਾ ਹੈ। ਗੁਰਦੁਆਰੇ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਦੇ ਸੋਮੇ ਅਤੇ ਸਾਧਨ ਹਨ।

Gurdwara

It is the name given to a Sikh place of worship. It literally means the Guru's portal or the Guru's abode.

The essential feature of a Gurdwara is the presiding presence in it of the everlasting Guru, Guru Granth Sahib.

It is a public place open to all devotees to pray individually or to assemble in congregation. Its external distinguishing mark is the flying Nishan Sahib or the Sikh flag.

The Gurdwara also serves as a community centre, a school, a guest house for pilgrims and travelers, occasionally a clinic and a base for local charitable activities. It is also a centre of religious teachings, common Panthak gatherings and training centre for social life. Gurdwara is a training centre for the Sikh way of life.



ਸੇਵਾ-ਸਿਮਰਨ

ਸੇਵਾ ਅਤੇ ਸਿਮਰਨ ਸਿੱਖ ਧਰਮ ਦੇ ਦੋ ਮੂਲ ਸਿਧਾਂਤ ਹਨ, ਮੁੱਢਲੀਆਂ ਸ਼ਕਤੀਆਂ ਹਨ। ਸਿੱਖੀ ਗੁਣਾਂ ਦਾ ਸਮੁੱਚਾ ਖ਼ਜ਼ਾਨਾ ਇਹਨਾਂ ਵਿਚੋਂ ਜਨਮ ਲੈਂਦਾ ਹੈ ਅਤੇ ਇਹਨਾ ਦੇ ਦੁਆਲੇ ਹੀ ਕੇਂਦ੍ਰਿਤ ਰਹਿੰਦਾ ਹੈ।

ਸੇਵਾ ਤੋਂ ਭਾਵ ਹੈ ਖਿਦਮਤ ਭਾਵ ਟਹਿਲ। ਸੇਵਾ ਸਿੱਖੀ ਦੀ ਕਸੌਟੀ ਹੈ। ਇਸ ਨੂੰ ਨਮੂਨੇ ਮਾਤਰ ਸਿਖਾਉਣ ਲਈ ਗੁਰਦੁਆਰਿਆਂ ਵਿੱਚ ਹੀ ਪ੍ਰਬੰਧ ਕੀਤਾ ਗਿਆ ਹੈ।

ਸਿਮਰਨ ਦੇ ਅੱਖਰੀ ਅਰਥ ਹਨ ਯਾਦ, ਚੇਤਾ ਤੇ ਚਿੰਤਨ। ਪਰਮਾਤਮਾ ਦੇ ਗੁਣਾਂ ਨੂੰ ਮਨ ਵਿੱਚ ਵਸਾ ਕੇ ਉਨ੍ਹਾਂ ਗੁਣਾਂ ਨੂੰ ਨਿਰੰਤਰ ਯਾਦ ਕਰਨਾ ਹੀ ਪਰਮਾਤਮਾ ਦਾ ਸਿਮਰਨ ਹੈ।

ਨਿਰੰਕਾਰ ਦੇ ਸਰਗੁਨ ਸਰੂਪ ਦੀ ਭਗਤੀ ਦਾ ਨਾਮ 'ਸੇਵਾ' ਹੈ ਅਤੇ 'ਸਿਮਰਨ' ਉਸਦੇ ਨਿਰਗੁਨ ਸਰੂਪ ਦੀ ਉਪਾਸਨਾ ਹੈ।

Seva - Simran

Seva and Simran are the two fundamental concepts of Sikhism and the entire treasure of Sikh attributes revolve around them.

Seva means to serve, to render obedience to and also to worship, to pay homage to. It is a prominent part of Sikhism and illustrative models of voluntary service or seva are organized, for imparting training, in the Gurdwaras.

Simran literally means to remember, contemplate. The Simran of Lord is to contemplate upon the attributes of the Lord, remember them and reside them in the heart.

Seva is the worship of Immanent aspect of God, while Simran is the worship of Transcendent form of God.



ਨਿਸ਼ਾਨ ਸਾਹਿਬ

ਹਰੇਕ ਗੁਰਦੁਆਰੇ ਵਿੱਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੁੰਦਾ ਹੈ। ਇਹ ਲਾਜ਼ਮੀ ਤੌਰ 'ਤੇ ਹਰ ਗੁਰਦੁਆਰੇ ਉਪਰ ਝੂਲਣਾ ਚਾਹੀਦਾ ਹੈ।

ਨਿਸ਼ਾਨ ਸਾਹਿਬ ਦੇ ਪੁਸ਼ਾਕ ਦਾ ਰੰਗ ਬਸੰਤੀ ਜਾਂ ਸੁਰਮਈ ਹੁੰਦਾ ਹੈ ਅਤੇ ਇਸ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੁੰਦਾ ਹੈ। ਇਹ ਤਿਕੋਨ ਦੀ ਸ਼ਕਲ ਵਿੱਚ ਸੂਤੀ ਜਾਂ ਰੇਸ਼ਮੀ ਕਪੜੇ ਦਾ ਸਿੱਖ ਕੌਮ ਦਾ ਝੰਡਾ ਪ੍ਰਭੂ ਸੱਤਾ ਦਾ ਪ੍ਰਤੀਕ ਹੈ।


ਅੱਜਕਲ ਵਰਤੋਂ ਵਿੱਚ ਆਉਣ ਵਾਲਾ ਨਿਸ਼ਾਨ ਸਾਹਿਬ ਲੱਕੜ ਜਾਂ ਧਾਤ ਦਾ ਬਣਿਆ ਹੁੰਦਾ ਹੈ ਅਤੇ ਇਸ ਵਿੱਚ ਪ੍ਰਚਲਿਤ ਖੰਡੇ ਦਾ ਨਿਸ਼ਾਨ ਉਕਰਿਆ ਹੁੰਦਾ ਹੈ। ਇਹੀ ਉਹ ਨਿਸ਼ਾਨ ਸਾਹਿਬ ਹੈ ਜਿਸ ਦੇ 'ਜੁਗੋ ਜੁਗ ਅਟੱਲ' ਹੋਣ ਦੀ ਅਰਦਾਸ ਸਿੱਖ ਰੋਜ਼ਾਨਾ ਕਰਦਾ ਹੈ।

Nishan Sahib

Nishan Sahib is placed on a high level site in the Gurdwara. This Nishan Sahib, as matter of religious injunction, must hoist at each and every building of the Gurdwara.

It is made of cotton or silk cloth, saffron in colour and triangular in shape; and is another name for the flag of Sikh nation that symbolizes sovereignty.

The Nishan Sahib, that is in vogue today, is supported by a pole of timber or metal having Khanda - a double edged sword fixed at its top. It is this Nishan Sahib that is referred to in the daily prayer (Ardas) of the Sikhs asking for its immortality.



ਗੁਰਮੁਖੀ ਲਿਪੀ

ਇਹ ਪੰਜਾਬੀ ਵਰਣਮਾਲਾ ਦੇ ਅੱਖਰ ਹਨ, ਜਿਨ੍ਹਾਂ ਦੀ ਵਰਤੋਂ ਗੁਰੂ ਸਾਹਿਬਾਨ ਨੇ ਕੀਤੀ। ਗੁਰੂ ਸਾਹਿਬਾਨ ਦੇ ਮੁੱਖ ਤੋਂ ਉਚਾਰਣ ਹੋਣ ਕਰਕੇ ਇਹਨਾਂ ਨੂੰ ਗੁਰਮੁਖੀ ਲਿਪੀ ਕਿਹਾ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਨੇ ਇਹਨਾਂ ਅੱਖਰਾਂ ਨੂੰ ਵਿਵਸਥਤ ਰੂਪ ਦੇ ਕੇ ਪ੍ਰਚਲਿਤ ਕੀਤਾ। ਗੁਰਮੁਖੀ ਲਿਪੀ ਵਿੱਚ ਕੁਲ 35 ਅੱਖਰ ਹਨ (3 ਸਵਰ, 2 ਅੱਧ-ਸਵਰ ਅਤੇ 30 ਵਿਅੰਜਨ)।

ਹਰ ਇੱਕ ਸਿੱਖ ਬੱਚੇ-ਬੱਚੀ ਨੂੰ ਗੁਰਮੁਖੀ ਪੜ੍ਹ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਦਾ ਹੈ।

Gurmukhi Script

It is the name of the script used in writing Punjabi language. The word 'Gurmukhi' seems to have gained currency from the use of these letters to record the sayings coming from the mukh (mouth) of the Gurus. The origin of this script is attributed to the second Guru, Guru Angad Dev Ji. He not only modified and rearranged certain letters but also shaped them into a script. The total number of letters in Gurmukhi script is 35 (3 vowels, 2 semi-vowels and 30 consonants).

Every Sikh, man, woman, boy or girl, should learn Gurmukhi to be able to read the Guru Granth Sahib.

ੳ u	ਅ a	ੲ i	ਸ s	ਹ h
ਕ k	ਖ kh	ਗ g	ਘ gh	ਙ ṅ
ਚ ch	ਛ chh	ਜ j	ਝ jh	ਞ ñ
ਟ ṭ	ਠ ṭh	ਡ ḍ	ਢ ḍh	ਣ ṇ
ਤ t	ਥ th	ਦ d	ਧ dh	ਨ n
ਪ p	ਫ ph	ਬ b	ਭ bh	ਮ m
ਯ y	ਰ r	ਲ l	ਵ v/w	ੜ ṛ

ਕੀਰਤਨ

* ਕੀਰਤਨ ਸਿੱਖ ਧਰਮ ਦੀ ਭਗਤੀ ਦਾ ਇੱਕ ਖ਼ਾਸ ਅੰਗ ਹੈ।
* ਕੀਰਤਨ ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਨ ਕਰਨ ਨੂੰ ਕਹਿੰਦੇ ਹਨ।
* ਕੀਰਤਨ ਉਸ ਗਾਇਨ ਨੂੰ ਕਹਿੰਦੇ ਹਨ ਜਿਸ ਵਿੱਚ ਵਾਹਿਗੁਰੂ ਦੀ ਕੀਰਤੀ ਕੀਤੀ ਜਾਵੇ।
* ਗੁਰਬਾਣੀ ਅਤੇ ਰਾਗ ਨੂੰ ਸੁਰ ਤਾਲ ਜਾਂ ਕਿਸੇ ਸਿੱਧੀ ਧਾਰਨਾ ਵਿੱਚ ਗਾਉਣਾ ਤੇ ਨਿਰੰਕਾਰ ਦਾ ਜਸ ਕਰਨਾ ਕੀਰਤਨ ਹੈ।
* ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।
* 'ਸਿੱਖ ਰਹਿਤ ਮਰਯਾਦਾ' ਅਨੁਸਾਰ ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

Kirtan

* Kirtan means singing the scriptural compositions in traditional musical measures.
* Kirtan is a commonly accepted mode of rendering devotion to God by singing His praises and is a necessary part of Sikh worship.
* In the congregation, Kirtan only of Gurbani (Guru Granth Sahib's or Guru Gobind Singh's hymns) and for its elaboration, of the compositions of Bhai Gurdas and Bhai Nand Lal, may be performed.
* According to the 'Sikh Rehat Maryada', only a Sikh may perform Kirtan in a congregation.







ਅਰਦਾਸ

ਅਰਦਾਸ ਫ਼ਾਰਸੀ ਦੇ ਸ਼ਬਦ ਅਰਜ਼ (ਬੇਨਤੀ) ਤੇ ਦਾਸਤ (ਪੇਸ਼ ਕਰਨਾ) ਤੋਂ ਬਣਿਆ ਹੈ, ਭਾਵ ਬੇਨਤੀ ਪੇਸ਼ ਕਰਨਾ। ਅਰਦਾਸ ਜੀਵ ਵੱਲੋਂ ਪਰਮਾਤਮਾ ਅੱਗੇ ਕੀਤੀ ਗਈ ਬੇਨਤੀ ਹੈ।

ਸਿੱਖ ਧਰਮ ਵਿੱਚ ਹਰੇਕ ਕਾਰਜ ਦੀ ਨਿਰਵਿਘਨ ਪੂਰਤੀ ਲਈ ਕੇਵਲ ਕਰਤਾਰ ਅੱਗੇ ਹੀ ਅਰਦਾਸ ਕਰਨ ਦਾ ਵਿਧਾਨ ਹੈ।

ਜੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਹੋਵੇ ਤਾਂ ਕਿਸੇ ਪਾਸੇ ਵੀ ਮੂੰਹ ਕਰਕੇ ਅਰਦਾਸ ਕਰਨੀ ਪ੍ਰਵਾਨ ਹੈ।

ਸਿੱਖ ਨੂੰ ਹਰ ਇੱਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਤਾਂ ਕਿ ਆਪਣੇ ਕੀਤੇ ਉੱਤੇ ਅਹੰਕਾਰ ਨਾ ਹੋਵੇ ਅਤੇ ਨਿਮਰਤਾ ਦਾ ਧਾਰਨੀ ਹੋਵੇ।

ਅਰਦਾਸ ਸੰਖੇਪ ਤੌਰ 'ਤੇ ਸਿੱਖ ਇਤਿਹਾਸ ਨੂੰ ਵੀ ਰੂਪਮਾਨ ਕਰਦੀ ਹੈ ਜਿਸ ਵਿੱਚ ਰੋਜ਼ਾਨਾ ਗੁਰੂ ਸਾਹਿਬਾਨ, ਗੁਰੂ ਪਿਆਰਿਆਂ, ਸਿੱਖ ਸਿਧਾਂਤਾਂ ਅਤੇ ਸ਼ਹੀਦ ਸਿੰਘ-ਸਿੰਘਣੀਆਂ ਨੂੰ ਚੇਤੇ ਕੀਤਾ ਜਾਂਦਾ ਹੈ।

Ardas

The word 'Ardas' means a petition, a memorial or an address to a superior authority. It is the ritual prayer which Sikhs, individually or in congregation, recite morning and evening; and before launching off and after completion of any task.

If the Parkash of Guru Granth Sahib is not there, performing Ardas facing any direction is acceptable.

A Sikh should pray to God before launching off any task, so that one does not feel proud of himself and acquire humility.

Ardas is a brief manifestation of Sikh history in which Guru Sahib, Guru beloveds, Sikh concepts and martyred Sikhs are remembered daily.



ਸਰਬਤ ਦਾ ਭਲਾ

ਸਿੱਖ਼ ਜਦੋਂ ਵੀ ਗੁਰੂ ਅੱਗੇ ਅਰਦਾਸ ਕਰਦਾ ਹੈ ਤਾਂ ਅੰਤ ਵਿੱਚ ਇਹੀ ਮੰਗਦਾ ਹੈ :

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ

ਕਿਉਂਕਿ ਸਾਰੇ ਜੀਵਾਂ ਵਿੱਚ ਉਸ ਪ੍ਰਭੂ ਦੀ ਹੀ ਜੋਤ ਵੱਸਦੀ ਹੈ।

ਸਿੱਖ ਸਮੁੱਚੀ ਮਨੁੱਖ ਜਾਤੀ ਵਿੱਚ ਪਰਮਾਤਮਾ ਦੀ ਜੋਤ ਸਮਝ ਕੇ, ਬਿਨਾਂ ਕਿਸੇ ਭੇਦ ਭਾਵ ਦੇ ਪ੍ਰੇਮ ਕਰਦਾ ਹੈ ਅਤੇ ਉਨ੍ਹਾਂ ਦੇ ਭਲੇ ਦੀ ਜਾਚਨਾ ਕਰਦਾ ਹੈ। ਸਿੱਖ ਇਤਿਹਾਸ ਵਿੱਚ ਸਰਬਤ ਦੇ ਭਲੇ ਦੀਆਂ ਬਹੁਤ ਮਿਸਾਲਾਂ ਹਨ ਜਿਵੇਂ 'ਹਿੰਦ ਦੀ ਚਾਦਰ' ਗੁਰੂ ਤੇਗ਼ ਬਹਾਦਰ ਜੀ, ਭਾਈ ਕਨ੍ਹਈਆ ਜੀ ਆਦਿ।


Sarbat Da Bhala

It means welfare unto all. This is the concluding line which marks the final or supplicatory prayer, with which every Sikh service or ceremony concludes. The full couplet reads :

Nanak naam charhdi kala
tere bhane sarbat da bhala.

May God's Name, may the human spirit forever triumph, Nanak :
And in Thy Will may peace and prosperity come to one and all.

Sikh loves the entire creation as he consider humanity to be one race only and works for its upliftment. There are many examples of Sarbat Da Bhala in the Sikh history like Guru Tegh Bahadar Sahib, Bhai Kanahiya ji etc.



ਅਨੰਦ ਕਾਰਜ

ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਹੁੰਦਾ ਹੈ। ਸਿੱਖ ਸਿੱਖਣੀ ਦਾ ਵਿਆਹ ਬਿਨਾ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਦਾ ਹੈ।

ਅਨੰਦ ਕਾਰਜ ਦੀ ਇਸ ਰਸਮ ਵਿੱਚ ਸਿੱਖ ਮੁੰਡਾ-ਕੁੜੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰੂ ਰਾਮ ਦਾਸ ਜੀ ਵੱਲੋਂ ਉਚਾਰੀ ਗਈ ਬਾਣੀ 'ਲਾਵਾਂ' ਦਾ ਪਾਠ ਸਰਵਣ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਚਾਰ ਪਰਿਕਰਮਾਂ ਲੈਂਦੇ ਹਨ।

Anand Karaj

A Sikh's marriage should be solemnized by Anand marriage rites. A Sikh man and woman should enter wedlock without giving thought to the prospective spouse's caste and descent.

In the Anand Karaj, the Sikh bridegroom and bride listen to the Bani of 'Laavan' composed by Guru Ram Das Ji in the presence of Guru Granth Sahib and take four circumambulations around the Guru Sahib.



ਸਿੱਖ ਤਿਉਹਾਰ

ਹਰ ਕੌਮ ਦੇ ਆਪੋ ਆਪਣੇ ਤਿਉਹਾਰ ਹੁੰਦੇ ਹਨ। ਸਿੱਖ ਕੌਮ ਦੇ ਤਿਉਹਾਰ ਇਹ ਹਨ :

* ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਵਸ
* ਗੁਰੂ ਸਾਹਿਬਾਨ ਦੇ ਗੁਰਗੱਦੀ ਦਿਵਸ
* ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਤੇ ਸ਼ਹੀਦੀ ਦਿਵਸ
* ਖ਼ਾਲਸੇ ਦਾ ਸਾਜਨਾ ਪੁਰਬ 'ਵਿਸਾਖੀ'
* ਪੁਰਾਤਨ ਅਤੇ ਵਰਤਮਾਨ ਗੁਰਸਿੱਖਾਂ ਦੇ ਇਤਿਹਾਸਕ ਦਿਹਾੜੇ
* ਸਿੱਖ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ

Sikh Festivals

Every community has its own set of festivals. The Sikh festivals are :

* Parkash purabs (the day of Parkash) of Guru Sahiban
* Gurgaddi purabs (the day of accession to Gurgaddi) of Guru Sahiban
* Joti-jot purabs and days of martyrdom of Guru Sahiban
* The day of creation of Khalsa 'Vaisakhi'
* Historical days of past and present Gursikhs
* Days of martyrdom of Sikh martyrs



ਸ੍ਰੀ ਹਰਿਮੰਦਰ ਸਾਹਿਬ

ਸ੍ਰੀ ਹਰਿਮੰਦਰ ਸਾਹਿਬ ਸਿੱਖੀ ਦਾ ਧੁਰਾ ਤੇ ਸਿੱਖਾਂ ਦੀ ਸ਼ਕਤੀ ਦਾ ਕੇਂਦਰ ਹੈ। ਇਹ ਸਿੱਖਾਂ ਦਾ ਇਕ ਸਰਵੋਤਮ ਧਾਰਮਿਕ ਸਥਾਨ ਹੈ ਜਿਸ ਦੀ ਉਸਾਰੀ ਅਤੇ ਸਥਾਪਨਾ ਦਾ ਕਾਰਜ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਕੀਤਾ। ਹਰਿਮੰਦਰ ਤੋਂ ਭਾਵ ਹੈ 'ਪਰਮਾਤਮਾ ਦਾ ਘਰ'। 'ਧੁਰ ਕੀ ਬਾਣੀ' ਦਾ ਪ੍ਰਕਾਸ਼ ਅਤੇ ਪ੍ਰਚਾਰ ਸਥਾਨ ਹੋਣ ਕਰਕੇ ਇਸਨੂੰ 'ਦਰਬਾਰ ਸਾਹਿਬ' ਵੀ ਕਿਹਾ ਜਾਂਦਾ ਹੈ। ਇਸ ਸਥਾਨ ਨੂੰ ਅੰਗਰੇਜ਼ੀ ਬੋਲਣ ਵਾਲੇ 'ਗੋਲਡਨ ਟੈਂਪਲ' ਦੇ ਨਾਮ ਨਾਲ ਯਾਦ ਕਰਦੇ ਹਨ।

ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੀ ਸੇਵਾ ਚੌਥੇ ਗੁਰੂ, ਗੁਰੂ ਰਾਮ ਦਾਸ ਜੀ ਵੱਲੋਂ 1577 ਈ. ਵਿੱਚ ਪੂਰੀ ਕੀਤੀ ਗਈ। ਪੰਜਵੇਂ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਨੇ ਇਸ ਸਥਾਨ ਵਿਖੇ ਸਮੂਹ ਦਿਸ਼ਾਵਾਂ ਤੋਂ ਆਉਣ ਵਾਲੀਆਂ ਸੰਗਤਾਂ ਦਾ ਪ੍ਰਗਟਾਵਾ ਕਰਨ ਵਾਲੇ ਚਾਰ ਦਰਵਾਜ਼ੇ ਰੱਖੇ ਜੋ ਕਿ ਗੁਰਮਤਿ ਸਿਧਾਂਤਾਂ ਦਾ ਪ੍ਰਗਟਾਵਾ ਕਰਨ ਦੇ ਨਾਲ-ਨਾਲ ਸਿੱਖ ਭਵਨ ਨਿਰਮਾਣ ਕਲਾ ਦਾ ਵਿਲੱਖਣ ਨਮੂਨਾ ਵੀ ਹਨ। ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਮੁਸਲਿਮ ਫ਼ਕੀਰ ਸਾਂਈ ਮੀਆਂ ਮੀਰ ਵੱਲੋਂ 1588 ਈ. ਵਿੱਚ ਰਖਿਆ ਗਿਆ।

Sri Harimandar Sahib

It literally means the House of God. Harimandar Sahib is the epitome of Sikhism and centre of Sikh religious powers. It is the most famous sacred shrine of the Sikhs. Also called Darbar Sahib (the Exalted Holy Court), it lies in the heart of city of Amritsar in Punjab. It is also known as 'Golden Temple' to the English speaking world.

The work on the holy tank of Amritsar was commenced in 1577 AD by the fourth Guru, Guru Ram Das Ji. The basic architectural design of Harimandar Sahib was conceived by the fifth Guru, Guru Arjan Dev Ji, setting the building with a door in each of the four directions signifying its accessibility to all irrespective of caste and creed. The foundation of Harimandar Sahib was laid by a Muslim saint Sain Mian Mir in 1588 AD.



ਮੀਰੀ-ਪੀਰੀ


ਸਿੱਖ ਪਰੰਪਰਾ ਵਿਚ ਮੀਰੀ-ਪੀਰੀ ਸ਼ਬਦਾਂ ਦਾ ਸਬੰਧ ਰਾਜਨੀਤਕ ਅਤੇ ਅਧਿਆਤਮਕ ਵਿਚਾਰਧਾਰਾ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਦਾ ਆਮ ਤੌਰ ਉੱਤੇ ਸਬੰਧ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਵੇਖਣ ਨੂੰ ਮਿਲਦਾ ਹੈ ਜਿਨ੍ਹਾਂ ਨੇ ਗੁਰਗੱਦੀ 'ਤੇ ਬੈਠਣ ਸਮੇਂ ਮੀਰੀ-ਪੀਰੀ ਦੀਆਂ ਲਖਾਇਕ ਦੋ ਕ੍ਰਿਪਾਨਾਂ ਧਾਰਨ ਕੀਤੀਆਂ ਅਤੇ ਅਕਾਲ ਤਖ਼ਤ ਦੀ ਸਥਾਪਨਾ ਕਰਕੇ ਸਿੱਖਾਂ ਦੇ ਮਨਾਂ ਵਿੱਚ ਰਾਜਸੀ ਸਰੋਕਾਰਾਂ ਪ੍ਰਤੀ ਚੇਤਨਾ ਪੈਦਾ ਕੀਤੀ, ਜਿਸ ਕਰਕੇ ਗੁਰੂ ਸਾਹਿਬ ਨੂੰ 'ਸੱਚਾ ਪਾਤਸ਼ਾਹ' ਅਤੇ 'ਮੀਰੀ ਪੀਰੀ ਦਾ ਮਾਲਿਕ' ਕਿਹਾ ਜਾਣ ਲੱਗਿਆ।

ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸੰਯੁਕਤ ਰੂਪ ਵਿੱਚ ਮੀਰੀ ਪੀਰੀ ਦੇ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹਨ। ਮੀਰੀ-ਪੀਰੀ ਦਾ ਇਹ ਸੰਯੁਕਤ ਰੂਪ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਣਾ ਸਮੇਂ ਸੰਤ-ਸਿਪਾਹੀ ਦੇ ਰੂਪ ਵਿੱਚ ਪ੍ਰਗਟ ਹੋਇਆ ਅਤੇ ਅਖ਼ੀਰ ਗੁਰੂ ਗ੍ਰੰਥ ਤੇ ਗੁਰੂ ਪੰਥ ਵਿੱਚ ਪ੍ਰਵਿਰਤ ਹੋ ਗਿਆ।

Miri - Piri

It is the compound of two swords adopted into the Sikh tradition to connote the close relationship with it between the temporal and the spiritual. The word 'Miri' signifies the temporal power and 'Piri' stands for spiritual authority. The origin of the concept of Miri-Piri is usually associated with Guru Hargobind Sahib who wore on his person two swords at the time of his installation as the sixth Guru. For this reason, he is known as *Miri Piri da Maalik*, master of piety as well as power.

Guru Hargobind Sahib also constructed the Akal Takht - symbol of Miri, in front of Sri Harimandar Sahib (Piri). The blending of Miri and Piri was consummated by Guru Gobind Singh Ji in the creation of the Khalsa Panth in the manner of saint-soldier; and the Khalsa Panth (Piri) functioning under the guidance of the Divine Word, Sri Guru Granth Sahib (Piri).



ਗਤਕਾ


ਗਤਕਾ ਖ਼ਾਲਸੇ ਦੀ ਇਕ ਮਹਤੱਵਪੂਰਨ ਖੇਡ ਹੈ ਜੋ ਕਿ ਸਰੀਰਕ ਤੰਦਰੁਸਤੀ ਅਤੇ ਤਾਕਤ ਹਾਸਲ ਕਰਨ ਦੇ ਨਾਲ-ਨਾਲ ਯੁੱਧ ਕਲਾ ਵਿੱਚ ਨਿਪੁੰਨਤਾ ਪ੍ਰਦਾਨ ਕਰਦੀ ਹੈ। ਇਸ ਖੇਡ ਵਿੱਚ ਇੱਕ ਲੰਮੀ ਲੱਠ ਦਾ ਪ੍ਰਯੋਗ ਹੁੰਦਾ ਹੈ ਅਤੇ ਇਸ ਦੇ ਨਾਲ ਲੋਹੇ ਜਾਂ ਲੱਕੜ ਦੀ ਇਕ ਢਾਲ ਹੁੰਦੀ ਹੈ। ਇਹ ਖੇਡ ਦੋ ਵਿਅਕਤੀਆਂ ਵਿਚਕਾਰ ਖੇਡੀ ਜਾਂਦੀ ਹੈ। ਲੱਠ ਨਾਲ ਹਮਲਾ ਕੀਤਾ ਜਾਂਦਾ ਹੈ ਅਤੇ ਢਾਲ ਨਾਲ ਹਮਲੇ ਨੂੰ ਰੋਕਿਆ ਜਾਂਦਾ ਹੈ। ਇਸ ਨਾਲ ਸਿੱਖਾਂ ਵਿੱਚ ਯੁੱਧ ਲਈ ਆਤਮ ਵਿਸ਼ਵਾਸ, ਫੁਰਤੀਲਾਪਨ ਅਤੇ ਜੋਸ਼ ਪੈਦਾ ਹੁੰਦਾ ਹੈ। ਗਤਕੇ ਦੀ ਇਸ ਖੇਡ ਨੂੰ ਸਿੱਖ ਕ੍ਰਿਪਾਨ ਨਾਲ ਵੀ ਖੇਡਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਯੁੱਧ ਕਲਾ ਵਿੱਚ ਪ੍ਰਬੀਨਤਾ ਹਾਸਲ ਕਰਨ ਲਈ ਇਹ ਖੇਡ ਸਿੱਖ ਜੀਵਨ-ਜਾਚ ਦਾ ਮਹਤੱਵਪੂਰਨ ਅੰਗ ਬਣ ਗਈ। ਗੁਰੂ ਸਾਹਿਬਾਨ ਦੇ ਸਮੇਂ ਆਰੰਭ ਹੋਈ ਇਹ ਖੇਡ ਕਾਫ਼ੀ ਸਮੇਂ ਤਕ ਹਰਮਨ ਪਿਆਰੀ ਰਹੀ। ਅਜੋਕੇ ਸਮੇਂ ਵਿੱਚ ਇਹ ਖੇਡ ਨਗਰ ਕੀਰਤਨਾਂ ਅਤੇ ਹੋਰ ਸਿੱਖ ਦਿਹਾੜਿਆਂ ਸਮੇਂ ਵੇਖੀ ਜਾ ਸਕਦੀ ਹੈ।

Gatka

Gatka is the martial art and a significant sports activity of Khalsa, which besides keeping them physically fit and strong, also provide excellence in the art of war. A long stick of wood is used for this and there is a shield of wood or iron with it. Stick is meant for the attack and shield is used for its defence. A feeling of self-confidence, enthusiasm and alertness is developed in the Sikhs with this art. Sikhs also enjoy this activity with Kirpan or sword.

This sports activity became a significant part in the Sikh way of life during the times of Guru Gobind Singh Ji, as training for the art of war. The activity of Gatka started by Guru Sahib was a popular sport for a long period of time. Nowadays, this sport activity of Khalsa could be seen during the times of processions and other Sikh festivals.



ਖੰਡਾ

ਖੰਡਾ ਸਿੱਖ ਸ਼ਸਤਰਾਂ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਦੋ ਧਾਰੀ ਆਕਾਰ ਵਾਲਾ ਇਹ ਸ਼ਸਤਰ ਕ੍ਰਿਪਾਨ ਤੋਂ ਭਾਰਾ ਅਤੇ ਸ਼ਕਤੀ ਦਾ ਪ੍ਰਤੀਕ ਹੈ। ਨਿਸ਼ਾਨ ਸਾਹਿਬ ਦੇ ਉਪਰ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੋ ਧਾਰੀ ਖੰਡਾ ਮੀਰੀ-ਪੀਰੀ ਦੇ ਇਕੱਠੇ ਹੋਣ ਦਾ ਬੋਧਕ ਹੈ।

ਅੱਜਕਲ ਆਮ ਪ੍ਰਚੱਲਤ ਖੰਡੇ ਵਿਚੋਂ ਇਹ ਸੰਦੇਸ਼ ਮਿਲਦਾ ਹੈ :

* ਦੋ ਕ੍ਰਿਪਾਨਾਂ - ਰੂਹਾਨੀ ਤੇ ਦੁਨਿਆਵੀ ਸੱਤਾ ਦੀਆਂ ਪ੍ਰਤੀਕ ਹਨ
* ਖੰਡਾ - ਅਗਿਆਨ ਤੇ ਭਰਮ ਦੀਆਂ ਜੜ੍ਹਾਂ ਪੁੱਟਣ ਦਾ ਪ੍ਰਤੀਕ ਹੈ
* ਚੱਕਰ - ਸ੍ਰਿਸ਼ਟੀ ਵਿਚਲੇ ਕ੍ਰਮ ਦਾ ਪ੍ਰਤੀਕ ਹੈ।

Khanda

Khanda has a significant place in the Sikh weapons. This two edged weapon is heavier than the sword and nowadays used on top of the Nishan Sahib. The two edged Khanda symbolizes the twin concepts of Miri and Piri (temporal and spiritual).

The Khanda, prevalent today, represents :

* Two swords - Lays equal emphasis on temporal and spiritual powers
* Khanda - A potent metaphor of divine knowledge, its sharp edges cleaving truth from falsehood
* Chakar - A figure without beginning or end, symbolizing an infinite God.



ਨਿਹੰਗ

ਨਿਹੰਗ ਦਾ ਭਾਵ ਹੈ ਨਿਧੜਕ, ਨਿਡਰ, ਬੇਪ੍ਰਵਾਹ। ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਫ਼ੌਜਾਂ ਨੂੰ ਨਿਹੰਗ ਸਿੰਘ ਕਿਹਾ ਜਾਂਦਾ ਹੈ ਜੋ ਕਿ ਮਾਇਆ ਅਤੇ ਮੌਤ ਦੇ ਭੈਅ ਤੋਂ ਮੁਕਤ ਹੁੰਦੇ ਹਨ। ਗੁਰੂ ਜੀ ਦਾ ਬਖ਼ਸ਼ਿਆ ਬਾਣਾ ਅਤੇ ਸ਼ਸਤਰ ਸਜਾ ਕੇ ਹਮੇਸ਼ਾ ਤਿਆਰ-ਬਰ-ਤਿਆਰ ਰਹਿਣਾ ਇਹਨਾਂ ਦੀ ਪਛਾਣ ਹੈ। ਸਮਾਜ ਵਿੱਚ ਨਿਰਭਉ ਹੋ ਕੇ ਵਿਚਰਨਾ ਅਤੇ ਯੁੱਧ ਦੇ ਮੈਦਾਨ ਵਿੱਚ ਫ਼ਤਹਿ ਪ੍ਰਾਪਤ ਕਰਨਾ ਜਾਂ ਸ਼ਹੀਦ ਹੋ ਜਾਣ ਤਕ ਲੜਨਾ, ਇਹਨਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਬੁੱਢਾ ਦਲ ਅਤੇ ਤਰੁਣਾ ਦਲ ਇਹਨਾਂ ਦੇ ਦੋ ਭਾਗ ਹਨ।

Nihang

It means the fearless, carefree, not attached to anything. They are designated as Guru's knights, as they were part of the Guru's army. They continue to carry a military persona and heroic style.

The term 'Nihang' signifies the characteristic qualities of the clan - their freedom from fear of danger or death, readiness for action and non-attachment to worldly possession. They are divided into two - Budha (elderly) Dal and Taruna (young) Dal.



ਨਗਾਰਾ

ਨਗਾਰਾ ਯੁੱਧ ਦਾ ਸਾਜ਼ ਮੰਨਿਆ ਜਾਂਦਾ ਹੈ। ਲੜਾਈ ਦੇ ਮੈਦਾਨ ਵਿੱਚ ਇਸ ਦੀ ਵਰਤੋਂ ਯੁੱਧ ਆਰੰਭ ਕਰਨ ਲਈ ਕੀਤੀ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇੱਕ ਨਗਾਰਾ ਤਿਆਰ ਕਰਵਾਇਆ ਗਿਆ ਜਿਸ ਨੂੰ 'ਰਣਜੀਤ ਨਗਾਰਾ' ਕਿਹਾ ਜਾਂਦਾ ਹੈ ਅਤੇ ਇਸ ਦੀ ਵਰਤੋਂ ਯੁੱਧ ਲਈ ਕੀਤੀ ਗਈ।


ਨਿਹੰਗ ਸਿੰਘਾਂ ਦੇ ਇਕ ਥਾਂ ਤੋਂ ਦੂਜੀ ਥਾਂ ਜਾਣ ਸਮੇਂ ਵਹੀਰ ਦੇ ਅੱਗੇ-ਅੱਗੇ ਨਗਾਰਾ ਵਜਾਇਆ ਜਾਂਦਾ ਹੈ ਤਾਂ ਕਿ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਦੇ ਆਗਮਨ ਬਾਰੇ ਸੂਚਿਤ ਕੀਤਾ ਜਾ ਸਕੇ। ਗੁਰਦੁਆਰਿਆਂ ਵਿੱਚ ਕਿਸੇ ਖ਼ਾਸ ਮੌਕੇ ਜਾਂ ਅਰਦਾਸ ਵੇਲੇ ਨਗਾਰੇ ਦੀ ਵਰਤੋਂ ਕੀਤੀ ਜਾਂਦੀ ਹੈ।

Nagara

Nagara is believed to be a musical instrument of war. It is used in the battle-field to indicate the beginning of the war.

Guru Gobind Singh Ji prepared a drum which was called 'Ranjit Nagara' or 'drum of victory' and was used at the times of wars.

The Nihang Singhs while moving from one place to another, play a Nagara before their group so as to aware people of the arrival of the army of Guru's knights. Nowadays, Nagara is used in Gurdwaras on some special occasions and at the time of Ardas.



ਜੈਕਾਰਾ

ਜੈਕਾਰੇ ਤੋਂ ਭਾਵ ਹੈ - ਸੱਚ ਸਦਾ ਅਟੱਲ ਹੈ। ਜੈਕਾਰਾ ਇਹ ਹੈ :

ਬੋਲੇ ਸੋ ਨਿਹਾਲ।।
ਸਤਿ ਸ੍ਰੀ ਅਕਾਲ।।

'ਸਤਿ ਸ੍ਰੀ ਅਕਾਲ' ਤੋਂ ਭਾਵ ਹੈ ਸਦਾ ਸੱਚ (ਸਤਿ), ਸਰਬ-ਸ੍ਰੇਸ਼ਟ (ਸ੍ਰੀ), ਅਬਿਨਾਸੀ (ਅਕਾਲ)। ਜੋ ਸਿੱਖ 'ਸਤਿ ਸ੍ਰੀ ਅਕਾਲ' ਨੂੰ ਪ੍ਰੇਮ ਅਤੇ ਉਤਸ਼ਾਹ ਨਾਲ ਬੋਲੇਗਾ, ਉਹ ਨਿਹਾਲ ਹੋਵੇਗਾ ਅਤੇ ਪ੍ਰਭੂ ਦੀ ਬਖਸ਼ਿਸ਼ ਪ੍ਰਾਪਤ ਕਰੇਗਾ।


ਇਹ ਜੈਕਾਰਾ ਅਰਦਾਸ ਤੋਂ ਬਾਅਦ ਦੀਵਾਨ ਵਿੱਚ ਬੁਲਾਇਆ ਜਾਂਦਾ ਹੈ। ਇਹ ਜੈਕਾਰਾ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

Jaikara

'Jaikara' literally means shout of victory or triumph. It is divided into two parts. The first *'Bole so nihal'* is a statement meaning 'whoever utters (the phrase following) shall be happy, shall be fulfilled', and the second part *'Sat Sri Akal'* means God, who is beyond Time, is the Eternal Truth.

This Jaikara is recited after Ardas in the diwan. The Jaikara or slogan aptly expresses the Sikh belief that all victory belongs to God.

Bole So Nihal.
Sat Sri Akal.



ਫ਼ਤਹਿ

ਜਦੋਂ ਸਿੱਖ ਆਪਸ ਵਿੱਚ ਮਿਲਦੇ ਹਨ ਤਾਂ ਫ਼ਤਹਿ ਬੁਲਾਉਂਦੇ ਹਨ। ਫ਼ਤਹਿ ਇਹ ਹੈ :

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਿੱਖ ਵਾਸਤੇ ਆਪਸ ਵਿੱਚ ਮਿਲਣ ਸਮੇਂ ਫ਼ਤਹਿ ਬੁਲਾਉਣੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ। ਇਸ ਲਈ ਇੱਕ ਸਿੱਖ ਨੂੰ ਦੂਜੇ ਸਿੱਖ ਨਾਲ ਆਪਸ ਵਿੱਚ ਮਿਲਦੇ ਸਮੇਂ ਫ਼ਤਹਿ ਬੁਲਾਉਣੀ ਚਾਹੀਦੀ ਹੈ।

ਫ਼ਤਹਿ ਨਿਮਰਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਪ੍ਰਤੀਕ ਹੈ।

Fateh

It is a form of Sikh salutation, which was made current among the Sikhs bv command of Guru Gobind Singh Ji.


Vahiguru ji ka Khalsa.
Vahiguru ji ki Fateh.
The Khalsa is the Lord's own ;
To the Lord is the victory.


Sikhs should exchange this salutation while greeting each other. It strengthens the feeling of humility and brotherhood among the Sikhs.





**Did you like anything from this book,
if yes then draw it the way you want and also colour it !**






Colouring Activity Book depicting the Sikh Concepts, Faith and Heritage


SIKH FOUNDATION

Designers & Publishers :

* Books on Sikh Religion and Ideology
* Games & Activity Books on Sikh Way of Life for Children.
* Panjabi Alphabet & Gurmukhi Primer
* Posters on Sikh Heritage



A-35 Lajpat Nagar-I, New Delhi
Tel.: 9810567300, 981
Website : www.sikhfou
E-mail : sf1999@redif



Rs. 60.00

ISBN: 978-81-7873-024-0

